# ਜਮਾਤ ਅੱਠਵੀਂ ਸੈਸ਼ਨ 2021-22
# ਪਾਠ 4 - ਮਾਈਕਰੋਸਾਫਟ ਪਾਵਰ ਪਅਇੰਟ ਭਾਗ-1

## ਖਾਲੀ ਥਾਂਵਾਂ ਭਰੋ

1) ....... ਇੱਕ ਪ੍ਰੈਜੈਂਟੇਸ਼ਨ ਗ੍ਰਾਫਿਕਸ ਸਾਫਟਵੇਅਰ ਹੈ।

ੳ) ਪਾਵਰ ਪੁਆਇੰਟ　　ਅ) ਵਰਡ

ੲ) ਐਕਸਲ　　ਸ) ਪੇਂਟ

2) ....... ਕਿਸੇ ਵਿਸ਼ੇ ਨੂੰ ਰੌਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ।

ੳ) ਵਰਡ ਪ੍ਰੋਸੈਸਰ　　ਅ) ਸਲਾਈਡ

ੲ) ਪ੍ਰੈਜੈਂਟੇਸ਼ਨ　　ਸ) ਟ੍ਰਾਂਜੀਸ਼ਨ

3) .......ਪ੍ਰੈਜੈਂਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ।

ੳ) ਸਲਾਈਡ　　ਅ) ਡਾਕੂਮੈਂਟ

ੲ) ਸ਼ੀਟ　　ਸ) ਇਹਨਾ ਵਿੱਚੋਂ ਕੋਈ ਵੀ ਨਹੀ

4) ....... ਸਾਡੀ ਪ੍ਰੈਜੈਂਟੇਸ਼ਨ ਵਿੱਚ ਮੌਜੂਦਾ ਸਲਾਈਡ ਨੂੰ ਦਰਸਾਉਂਦਾ ਹੈ।

ੳ) ਆਉਟ-ਲਾਈਨ ਪੇਨ　　ਅ) ਕਨਟੈਂਟ ਪੇਨ

ੲ) ਰਿਬਨ　　ਸ) ਸਲਾਈਡ ਪੇਨ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ਤੁਸੀਂ ਪਾਵਰ ਪੁਆਇੰਟ ਕਿਵੇਂ ਓਪਨ ਕਰੋਗੇ?

ਉੱਤਰ : ਸਟਾਰਟ - ਆਲ ਪ੍ਰੋਗਰਾਮਜ- ਮਾਈਕ੍ਰੋਸਾਫਟ ਆਫਿਸ- ਪਾਵਰ ਪੁਆਇੰਟ

2) ਪਾਵਰ ਪੁਆਇੰਟ ਵਿੱਚ ਪੈਜੈਂਟੇਸ਼ਨ ਨੂੰ ਸੇਵ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

ਉੱਤਰ : Ctrl+S

3) ਪਾਵਰ ਪੁਆਇੰਟ ਨੂੰ ਬੰਦ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

ਉੱਤਰ : Alt+F4

4) ਪਹਿਲੀ ਸਲਾਈਡ ਤੋਂ "ਸਲਾਈਡ ਸ਼ੋਅ" ਸਟਾਰਟ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

ਉੱਤਰ : F5

5) ਪਾਵਰ ਪੁਆਇੰਟ ਵਿੱਚ ਪ੍ਰੈਜੈਂਟੇਸ਼ਨ ਫਈਲ ਦੀ ਐਕਸਟੈਂਸ਼ਨ ਲਿਖੋ।

ਉੱਤਰ : .pptx

6) RUN ਬਾਕਸ ਨਾਲ ਪਾਵਰ ਪੁਆਇੰਟ ਓਪਨ ਕਰਨ ਲਈ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ?

ਉੱਤਰ : powerpoint

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ਪਾਵਰ ਪੁਆਇੰਟ ਕੀ ਹੈ?

ਉੱਤਰ : ਪਾਵਰ ਪੁਆਇੰਟ ਇੱਕ ਐਪਲੀਕੇਸ਼ਨ ਸਾਫਟਵੇਅਰ ਹੈ। ਜਿਸ ਦੀ ਵਰਤੋਂ ਪ੍ਰਭਾਵਸ਼ਾਲੀ ਪ੍ਰੈਜੈਂਟੇਸ਼ਨ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਪਹਿਲਾਂ ਇਸ ਦਾ ਨਾਮ ਪ੍ਰੈਜੈਂਟਰ ਸੀ ਅਤੇ 1987 ਵਿੱਚ ਇਸ ਦਾ ਨਾਮ ਪਾਵਰ ਪੁਆਇੰਟ ਰੱਖਿਆ ਗਿਆ।

2) ਪ੍ਰੈਜੈਂਟੇਸ਼ਨ ਉੱਪਰ ਨੋਟ ਲਿਖੋ।

ਉੱਤਰ : ਪੈਜੈਂਟੇਸ਼ਨ ਕਿਸੇ ਵਿਸ਼ੇ ਨੂੰ ਰੌਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ। ਇਸ ਵਿੱਚ ਟੈਕਸਟ, ਤਸਵੀਰ, ਗ੍ਰਾਫ, ਚਾਰਟ ਅਤੇ ਐਨੀਮੇਸ਼ਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਧੀਆ ਪ੍ਰੇਜੈਂਟੇਸ਼ਨ ਵਿੱਚ 10 ਤੋਂ 12 ਸਲਾਈਡਾਂ ਹੋ ਸਕਦੀਆਂ ਹਨ।

3) ਸਲਾਈਡ ਕੀ ਹੁੰਦੀ ਹੈ?

ਉੱਤਰ : ਪ੍ਰੈਜੈਂਟੇਸ਼ਨ ਦੇ ਇੱਕਲੇ ਪੇਜ ਨੂੰ ਸਲਾਈਡ ਕਿਹਾ ਜਾਂਦਾ ਹੈ। ਇਹ 35 ਮਿਲੀਮੀਟਰ ਦੀ ਫਿਲਮ ਅਧਾਰਤ ਸਲਾਈਡ ਵਰਗੀ ਹੁੰਦੀ ਹੈ। ਇਸ ਵਿੱਚ ਟੈਕਸਟ ਗ੍ਰਾਫਿਕਸ ਅਤੇ ਆਡੀਓ ਵੀਡੀਓ ਹੋ ਸਕਦੀ ਹੈ।

4) ਪਾਵਰ ਪੁਆਇੰਟ ਵਿਡੋ ਦੇ ਮੁੱਖ ਭਾਗਾਂ ਦੇ ਨਾਂ ਲਿਖੋ।

ਉੱਤਰ : 1) ਫਾਈਲ ਮੀਨੂੰ　　2) ਕੁਇਕ ਅਕਸੈਸ ਟੂਲ ਬਾਰ　　3) ਮੀਨੂੰ ਬਾਰ ਟੈਬ

4) ਰਿਬਨ　　5) ਸਲਾਈਡ ਪੇਨ　　6) ਨੋਟਸ ਪੇਨ

7) ਸਟੇਟਸ ਬਾਰ　　8) ਸਲਾਈਡ ਆਉਟਲੇਨ ਪੇਨ

5) ਤੁਸੀਂ ਪਾਵਰ ਪੁਆਇੰਟ ਵਿੱਚ ਦਰਸ਼ਕਾਂ ਲਈ ਪ੍ਰੈਜੈਟੇਸ਼ਨ ਨੂੰ ਕਿਵੇਂ ਪਲੇਅ ਕਰੋਗੇ?

ਉੱਤਰ : ਪਹਿਲੀ ਸਲਾਈਡ ਤੋਂ ਸ਼ੁਰੂਕਰਨਾ

1) ਸ਼ਾਰਟਕੱਟ ਕੀਅ F5 ਕੀਅ ਦਬਾਓ।

2) Slide ਦੇ ਟੈਬ ਉੱਪਰ ਕਲਿੱਕ ਕਰੋ Start Slide Show ਗਰੁੱਪ ਵਿੱਚੋਂ From Biginning ਬਟਨ ਤੇ ਕਲੱਕ ਕਰੋ।

ਮੌਜੂਦਾ ਸਲਾਈਡ ਤੋਂ ਸ਼ੁਰੂਕਰਨਾ

1) ਸ਼ਾਰਟਕੱਟ ਕੀਅ Shhift + F5 ਕੀਅ ਦਬਾਓ।

2) Status ਬਾਰ ਤੇ ਮੌਜੂਦ Slide Show ਬਟਨ ਤੇ ਕਲਿੱਕ ਕਰੋ।

6) ਪਾਵਰ ਪੁਆਇੰਟ ਵਿੱਚ ਸਲਾਈਡ ਪੇਨ ਅਤੇ ਨੋਟਸ ਪੇਨ ਸੰਬੰਧੀ ਜਾਣਕਾਰੀ ਦਿਓ।

ਉੱਤਰ : ਸਲਾਈਡ ਪੇਨ : ਇਹ ਉਹ ਖੇਤਰ ਹੁੰਦਾ ਹੈ ਜਿੱਥੇ ਸਲਾਈਡਾਂ ਨੂੰ ਬਣਾਇਆ ਅਤੇ ਬਦਲਿਆ ਜਾਂਦਾ ਹੈ।

ਨੋਟਸ ਪੇਨ : ਇਹ ਸਟੇਟਸ ਬਾਰ ਦੇ ਉੱਪਰ ਹੁੰਦੀ ਹੈ। ਇਸ ਜਗਾ ਤੇ ਸਪੀਕਰ ਨੋਟਸ ਲਿਖੇ ਜਾਂਦੇ ਹਨ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1) ਪਾਵਰ ਪੁਆਇੰਟ ਵਿਡੋ ਦੇ ਕੋਈ 3 ਮੁੱਖ ਭਾਗਾਂ ਦਾ ਵਰਨਣ ਕਰੋ।

ਉੱਤਰ : ਪਾਵਰ ਪੁਆਇੰਟ ਵਿੰਡੋ ਦੇ ਭਾਗ

1) ਫਾਈਲ ਮੀਨੂੰ : ਇਹ ਹੋਮ ਟੈਬ ਦੇ ਖੱਬੇ ਪਾਸੇ ਹੁੰਦਾ ਹੈ। ਇਸ ਵਿੱਚ ਨਿਊ, ਓਪਨ, ਸੇਵ, ਸੇਵ ਐਜ, ਪ੍ਰਿੰਟ, ਸ਼ੇਅਰ ਐਕਸਪੋਰਟ ਅਤੇ ਕਲੋਜ ਆਦਿ ਕਮਾਂਡਾਂ ਹੁੰਦੀਆਂ ਹਨ।

2) ਕੁਇਕ ਅਕਸੈਸ ਟੂਲ ਬਾਰ : ਇਹ ਫਾਈਲ ਮੀਨੂੰ ਦੇ ਉੱਪਰਲੇ ਪਾਸੇ ਹੁੰਦਾ ਹੈ। ਇਸ ਵਿੱਚ ਡੀਫਾਲਟ ਤੌਰ ਤੇ ਕਈ ਬਟਨ ਜਿਵੇਂ ਸੇਵ, ਅਨਡੂਰੀਡੂਆਦਿ ਹੁੰਦੇ ਹਨ ਪਰੰਤੂਅਸੀਂ ਆਪਣੀ ਲੋੜ ਨਵੀਆਂ ਕਮਾਂਡਾਂ ਸ਼ਾਮਿਲ ਕਰ ਸਕਦੇ ਹਾਂ।

3) ਮੀਨੂੰ ਬਾਰ ਟੈਬ : ਹਰ ਇੱਕ ਮੀਨੂੰ ਟੈਬ ਦਾ ਵੱਖਰਾ ਕੰਮ ਹੁੰਦਾ ਹੈ ਅਤੇ ਵੱਖਰੇ ਰਿਬਨ ਨੂੰ ਦਿਖਾਉਂਦੀ ਹੈ।

2) ਤੁਸੀਂ ਪਾਵਰ ਪੁਆਇੰਟ ਵਿੱਚ ਫੋਟੋ ਐਲਬਮ ਪ੍ਰੈਜੈਟੇਸ਼ਨ ਕਿਵੇਂ ਤਿਆਰ ਕਰੋਗੇ।

ਉੱਤਰ : ਪਾਵਰ ਪੁਆਇੰਟ ਵਿੱਚ ਫੋਟੋ ਐਲਬਮ ਪ੍ਰੈਜੈਟੇਸ਼ਨ ਤਿਆਰ ਕਰਨਾ

1) ਇਨਸਰਟ (Insert) ਟੈਬ ਤੇ ਕਲਿੱਕ ਕਰੋ।

2) ਇਸ ਵਿੱਚੋਂ Photo Album ਅਪਸ਼ਨ ਤੇ ਕਲਿੱਕ ਕਰ ਕੇ New Photo Album ਤੇ ਕਲਿੱਕ ਕਰੋ।

3) Photo Album Dialog ਬਾਕਸ ਦਿਖਾਈ ਦੇਵੇਗਾ।

4) File/Disk ਬਟਨ ਤੇ ਕਲਿੱਕ ਕਰੋ। Insert New Picture ਬਾਕਸ ਬ੍ਰਾਊਜ਼ਰ ਨਜਰ ਆਵੇਗਾ।

5) Ctrl pNB ਦਬਾਉਂਦੇ ਹੋਏ ਆਪਣੀ ਪਸੰਦ ਦੀਆਂ ਤਸਵੀਰਾਂ ਸਿਲੈਕਟ ਕਰੋ।

6) Insert ਬਟਨ ਤੇ ਕਲਿੱਕ ਕਰ ਕੇ ਵਾਪਸ Photo Album Dialoug ਬਾਕਸ ਤੇ ਆਓ।

7) ਹੁਣ ਤਸਵੀਰਾਂ ਦੀ ਰੋਟੇਸ਼ਨ, ਬਰਾਈਟਨੈਸ ਅਤੇ ਕੰਟਰਾਸਟ,ਲੇਆਊਟ ਅਤੇ ਤਸਵੀਰਾਂ ਦਾ ਆਰਡਰ ਸੈੱਟ ਕਰੋ।

8) ਬੇਲੋੜੀਆਂ ਤਸਵੀਰਾਂ ਹਟਾ ਦਿਓ।

9) Create ਬਟਨ ਤੇ ਕਲਿੱਕ ਕਰੋ।

ਸਾਡੀ ਪ੍ਰੈਜੈਂਟੇਸ਼ਨ ਤਿਆਰ ਹੋ ਜਾਵੇਗੀ।